# ज्योता दे लिशकारे नी अमीऐ

ਜੋਤਾਂ ਦੇ ਲਿਸ਼ਕਾਰੇ ਨੀ ਅੰਮੀਏ, ਜੋਤਾਂ ਦੇ ਲਿਸ਼ਕਾਰੇ ॥
ਤੇਰੇ ਦਰ ਤੇ ਭੰਗੜੇ ਪਾ ਪਾ* ॥
ਕਹਿੰਦੇ ਲਾਲ ਪਿਆਰੇ,,,
ਜੋਤਾਂ ਦੇ ਲਿਸ਼ਕਾਰੇ,,,,,,,,,,,,,,,,

ਤੇਰੀਆ ਜੋਤਾਂ ਦੇ ਲਿਸ਼ਕਾਰੇ, "ਹਰ ਪਾਸੇ ਹੀ ਜਾਵਣ" ।
ਜੋਤਾਂ ਦੇ ਲਿਸ਼ਕਾਰੇ ਤੱਕ ਕੇ, "ਸਾਰੇ ਨੱਚਣ ਗਾਵਣ" ॥
ਮਾਤਾਰਾਣੀ ਆਦ ਭਵਾਨੀ* ॥
ਵਿਗੜੇ ਕੰਮ ਸੰਵਾਰੇ,,,
ਜੋਤਾਂ ਦੇ ਲਿਸ਼ਕਾਰੇ,,,,,,,,,,,,,,,,

ਜੋਤਾਂ ਦੇ ਵਿੱਚ ਨੂਰ ਇਲਾਹੀ, "ਤੱਕਿਆ ਅਕਬਰ ਰਾਜੇ" ।
ਤੇਰੇ ਦਰ ਤੇ ਭੰਗੜੇ ਪੈਂਦੇ, "ਵੱਜਣ ਢੋਲ ਤੇ ਬਾਜੇ" ॥
ਢੋਲੀ ਨੱਚ ਨੱਚ ਢੋਲ ਵਜਾਵੇ* ॥
ਨੱਚਣ ਚੰਨ ਸਿਤਾਰੇ,,,
ਜੋਤਾਂ ਦੇ ਲਿਸ਼ਕਾਰੇ,,,,,,,,,,,,,,,,

ਇਕੱਠੇ ਹੋ ਕੇ ਭਗਤ ਮਈਆ ਦੇ, "ਦਰ ਤੇ ਅਲਖ ਜਗਾਂਉਂਦੇ" ।
ਖ਼ੈਰਾਂ ਮੰਗਦੇ ਮਈਆ ਕੋਲੋਂ, "ਜੋ ਮੰਗਦੇ ਸੋ ਪਾਉਂਦੇ" ॥
ਜੋਤਾਂ 'ਚੋਂ ਖੁਸ਼ਬੋ ਹੈ ਆਉਂਦੀ* ॥
ਕਹਿੰਦੇ ਲੋਕੀ ਸਾਰੇ,,,
ਜੋਤਾਂ ਦੇ ਲਿਸ਼ਕਾਰੇ,,,,,,,,,,,,,,,,

ਜਗਮਗ ਜਗਮਗ ਜੋਤ ਦੀ ਚਰਚਾ, "ਕੁੱਲ ਦੁਨੀਆ ਵਿੱਚ ਹੋਵੇ" ।
ਸੁਲਤਾਨ ਪੁਰੀ ਵੀ ਆਪਣੇ ਦੁੱਖੜੇ, "ਮਾਂ ਦੇ ਅੱਗੇ ਰੋਵੇ" ॥
ਗੁਫ਼ਾ ਦੇ ਅੰਦਰ ਮਾਂ ਦੀ ਜਯੋਤੀ* ॥
ਸੁੰਦਰ ਰੂਪ ਨਿਹਾਰੇ,,,
ਜੋਤਾਂ ਦੇ ਲਿਸ਼ਕਾਰੇ,,,,,,,,,,,,,,,,

ਅਪਲੋਡਰ - ਅਨਿਲਰਾਮੂਰਤੀਭੋਪਾਲ


https://bhajanganga.com/bhajan/lyrics/id/27572/title/jyota-de-lishkare-ni-ammiye

अपने Android मोबाइल पर BhajanGanga App डाउनलोड करें और भजनों का आनंद ले |